The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

0800 CLEANUS
RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੁਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
CONTACT RAJ : 021874730, 021874702,

09 March 2020 Daily, editornztasveer@gmail.com designnztasveer@gmail.com Ph/Fax: 09 390 4644

# ਕੋਰੋਨਾ ਨਾਲ ਨਿਪਟਣ ਲਈ ਸੇਵਾ ਮੁਕਤ ਡਕਾਟਰੀ ਸਟਾਫ ਨੂੰ ਦੁਬਾਰਾ ਨੌਕਰੀ 'ਤੇ ਬੁਲਾ ਸਕਦਾ ਹੈ ਐੱਨ ਜੈੱਡ ਸਿਹਤ ਵਿਭਾਗ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਸਿਹਤ ਅਧਿਕਾਰੀ ਕੋਵਿਡ -19 ਦੇ ਰੂਪ ਵਿਚ ਕਾਰਜਸ਼ੈਲੀ ਨੂੰ ਹੁਲਾਰਾ ਦੇਣ ਲਈ ਵਿਕਲਪ ਦੇਖ ਰਹੇ ਹਨ, ਜਿਸ ਵਿਚ ਹਾਲ ਹੀ ਵਿਚ ਸੇਵਾ-ਮੁਕਤ ਹੋਏ ਡਾਕਟਰਾਂ ਅਤੇ ਨਰਸਾਂ ਨੂੰ ਦੁਬਾਰਾ ਨੌਕਰੀ 'ਤੇ ਲਿਆਉਣਾ ਸ਼ਾਮਲ ਹੈ।ਸਿਹਤ ਵਿਭਾਗ ਦੇ ਡਾਇਰੈਕਟਰ ਜਨਰਲ ਐਸ਼ਲੇ ਬਲੂਮਫੀਲਡ ਨੇ ਕਿਹਾ ਕਿ ਸਿਹਤ ਪ੍ਰਣਾਲੀ ਵਿਚ ਵਾਧੂ ਸਟਾਫ ਦੀ ਲੋੜ ਪੈਣ 'ਤੇ ਯੋਜਨਾਬੰਦੀ ਪਹਿਲਾਂ ਤੋਂ ਹੀ ਚੱਲ ਰਹੀ ਹੈ। ਇਸ ਵਿਚ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਤਰੀਕਿਆਂ ਬਾਰੇ, ਮੈਡੀਕਲ ਕੌਂਸਲ ਅਤੇ ਨਰਸਿੰਗ ਕੌਂਸਲ ਦੋਵਾਂ ਨਾਲ ਗੱਲਬਾਤ ਕਰਨਾ ਸ਼ਾਮਲ ਕੀਤਾ ਗਿਆ ਹੈ, ਹਾਲ ਹੀ ਵਿਚ ਸੇਵਾ-ਮੁਕਤ ਹੋਏ ਡਾਕਟਰਾਂ ਅਤੇ ਨਰਸਾਂ ਨੂੰ ਨੌਕਰੀ 'ਤੇ ਵਾਪਸ ਆਉਣ ਦੀ ਆਗਿਆ ਦੇਣਾ ਵੀ ਵਿਚਾਰ ਅਧੀਨ ਹੈ। ਇਸ ਬਾਰੇ ਕਈ ਨਰਸਾਂ ਸੰਗਠਨ ਨੇ ਕਿਹਾ ਕਿ ਇਹ ਇਕ ਸਮਝਦਾਰੀ ਵਾਲਾ ਵਿਚਾਰ ਹੈ। ਐਸੋਸੀਏਟ ਪੇਸ਼ੇਵਰ ਸੇਵਾਵਾਂ ਦੀ ਮੈਨੇਜਰ ਹਿਲੇਰੀ ਗ੍ਰਾਹਮ-ਸਮਿੱਥ ਨੇ ਕਿਹਾ ਕਿ ਸੇਵਾ ਮੁਕਤ ਸਟਾਫ ਦੇ ਕਲੀਨਿਕਲ ਤਜ਼ਰਬੇ ਨੂੰ ਵੇਖਦਿਆਂ, ਉਹ ਮਦਦ ਲਈ ਚੰਗੀ ਤਰ੍ਹਾਂ ਤਿਆਰ ਹੋਣਗੇ ਅਤੇ ਉਨਹਾਂ ਦਾ ਅਨੁਭਵ ਇਸ ਪ੍ਰਕੋਲ ਨਾਲ ਲੜਨ ਵਿੱਚ ਸਹਾਈ ਹੋ ਸਕਦਾ ਹੈ। ਉਸਨੇ ਕਿਹਾ ਕਿ ਅਗਾਂਹਵਧੂ ਯੋਜਨਾਬੰਦੀ ਮਹੱਤਵਪੂਰਨ ਹੈ, ਖ਼ਾਸਕਰ ਜਦੋਂ ਸਰਦੀਆਂ ਨੇੜੇ ਆਉਂਦੀਆਂ ਸਨ। "ਜੇ ਕੋਵਿਡ -19 ਫਲੂ ਦੇ ਸਰਦੀਆਂ ਦੇ ਸੀਜ਼ਨ ਨਾਲ ਟਕਰਾਉਂਦੀ ਹੈ, ਤਾਂ ਅਸੀਂ ਇਕ ਮਹੱਤਵਪੂਰਨ ਦਬਾਅ ਹੇਠ ਇਕ ਪ੍ਰਣਾਲੀ ਨੂੰ ਵੇਖਣ ਜਾ ਰਹੇ ਹਾਂ ਅਤੇ ਸਟਾਫ ਇਕ ਮੁੱਦਾ ਹੋਵੇਗਾ"।ਹਾਲਾਂਕਿ, ਉਸਨੇ ਕਿਹਾ ਕਿ ਸਿਹਤ ਪ੍ਰਣਾਲੀ ਹਾਲੇ ਸੰਕਟ ਦੀ ਸਥਿਤੀ 'ਵਿੱਚ ਨਹੀਂ ਹੈ। ਵਧੇਰੇ ਸਟਾਫ ਪਹਿਲਾਂ ਹੀ ਭਰਤੀ ਕੀਤਾ ਜਾ ਰਿਹਾ ਸੀ।

# ਆਕਲੈਂਡ ਬੱਸ ਡਰਾਈਵਰ ਅਤੇ ਐਨ ਜ਼ੈਡ ਬੱਸ ਤਨਖਾਹ ਵਿਵਾਦ ਅਜੇ ਵੀ ਸੁਲਝਿਆ ਨਹੀਂ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਐਨ ਜ਼ੈਡ ਬੱਸ ਦੁਆਰਾ ਨਿਯੁਕਤ ਆਕਲੈਂਡ ਬੱਸ ਡਰਾਈਵਰ ਅਜੇ ਤੱਕ ਆਪਣੀ ਤਨਖਾਹ ਵਿਵਾਦ ਨੂੰ ਲੈ ਕੇ ਸਮਝੌਤੇ 'ਤੇ ਨਹੀਂ ਪਹੁੰਚੇ ਹਨ। ਯੂਨੀਅਨਾਂ ਅਤੇ ਐਨ ਜ਼ੈਡ ਬੱਸ ਕੱਲ੍ਹ ਵਿਚੋਲਗੀ ਲਈ ਮਿਲੇ ਜਰੂਰ ਸਨ, ਪਰ ਗੱਲ ਅਜੇ ਵੀ ਕਿਸੇ ਕੰਢੇ ਨਹੀਂ ਲੱਗੀ। ਬੁੱਧਵਾਰ ਨੂੰ ਹੋਰ ਗੱਲਬਾਤ ਹੋਵੇਗੀ।

ਐਨ ਜ਼ੈਡ ਬੱਸ ਕਹਿੰਦੀ ਹੈ ਕਿ ਸਾਰੀਆਂ ਧਿਰਾਂ ਨੇ ਸਹਿਮਤੀ ਜਤਾਈ ਹੈ ਕਿ ਇੱਥੇ ਕੋਈ ਉਦਯੋਗਿਕ ਕਾਰਵਾਈ ਨਹੀਂ ਹੋਵੇਗੀ।.

ਐਨ ਜੇਡ ਬੱਸ ਡਰਾਈਵਰ ਵਧੀਆ ਤਨਖਾਹ ਅਤੇ ਸ਼ਰਤਾਂ ਦੀ ਮੰਗ ਕਰ ਰਹੇ ਹਨ ਅਤੇ ਪਿਛਲੇ ਦਸੰਬਰ ਵਿੱਚ ਉਨ੍ਹਾਂ ਨੇ ਕਿਰਾਇਆ ਇੱਕਠਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ, ਅਤੇ ਨਤੀਜੇ ਵਜੋਂ ਉਨ੍ਹਾਂ ਡਰਾਈਵਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ.

ਮੁਅੱਤਲੀ ਦੇ ਵਿਰੋਧ ਵਿੱਚ ਤਕਰੀਬਨ 200 ਡਰਾਈਵਰਾਂ ਨੇ 9 ਦਸੰਬਰ ਨੂੰ ਕਵੀਨ ਸਟ੍ਰੀਟ ਵੱਲ ਰੈਲੀ ਕੱਢੀ ਸੀ।

# ਨਿਊਜ਼ੀਲੈਂਡ 'ਚ 30 ਕਰੋੜ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਵਿਸ਼ਾਲ ਖੇਡ ਮੈਦਾਨ, ਉਦਘਾਟਨ ਮੌਕੇ 20, 21, ਅਤੇ 22 ਮਾਰਚ ਨੂੰ ਖਿਡਾਰੀ ਵਿਖਾਉਣਗੇ ਜੌਹਰ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜ਼ੀਲੈਂਡ ਦੀ ਸੁਪਰੀਮ ਸਿੱਖ ਸੋਸਾਇਟੀ ਜੋ ਅਕਸਰ ਆਪਣੇ ਨਿਵੇਕਲੇ ਕਾਰਜਾਂ ਕਰਕੇ ਸਮੁੱਚੀ ਦੁਨੀਆ 'ਚ ਖਿੱਚ ਦਾ ਕੇਂਦਰ ਬਣੀ ਹੋਈ ਹੈ। ਇਸ ਵਾਰ ਸੋਸਾਇਟੀ ਵਲੋਂ ਸਥਾਨਕ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਇਕ ਕੌਮਾਂਤਰੀ ਪੱਧਰ ਦੀ ਵਿਸ਼ਾਲ ਖੇਡ ਗਰਾਊਂਡ ਤਿਆਰ ਕੀਤੀ ਗਈ ਹੈ, ਜਿਸ ਵਿਚ 7 ਤਰ੍ਹਾਂ ਦੇ ਖੇਡ ਮੈਦਾਨ ਬਣਾਏ ਗਏ ਹਨ। ਸੋਸਾਇਟੀ ਵਲੋਂ ਕਰੀਬ 6.5 ਮਿਲੀਅਨ ਡਾਲਰ ਖਰਚ ਕੀਤੇ ਹਨ, ਜੋ ਕਿ ਭਾਰਤੀ ਕਰੰਸੀ ਵਿਚ ਤਕਰੀਬਨ 30 ਕਰੋੜ ਰੁਪਏ ਬਣਦੇ ਹਨ। ਮਾਰਚ ਦੇ ਆਖਰੀ ਹਫਤੇ ਇਹ ਮੈਦਾਨ ਲੋਕ ਅਰਪਣ ਕੀਤਾ ਜਾ ਰਿਹਾ ਹੈ।ਸੁਪਰੀਮ ਸਿੱਖ ਸੋਸਾਇਟੀ ਦੇ ਮੁੱਖ ਬੁਲਾਰੇ ਭਾਈ ਦਿਲਜੀਤ ਸਿੰਘ ਨੇ ਦੱਸਿਆ ਕਿ ਸਵਾ ਸਾਲ ਪਹਿਲਾਂ ਸੰਸਥਾ ਵਲੋਂ ਨਿਊਜ਼ੀਲੈਂਡ 'ਚ ਸਿੱਖ ਸਪੋਰਟਸ ਕੰਪਲੈਕਸ ਬਣਾਉਣਾ ਸ਼ੁਰੂ ਕੀਤਾ ਗਿਆ ਸੀ, ਜਿਸ 'ਚ 7 ਕੌਮਾਂਤਰੀ ਪੱਧਰ ਦੇ ਗਰਾਊਂਡ ਤਿਆਰ ਕਰਕੇ ਕੰਮ ਮੁਕੰਮਲ ਹੋ ਗਿਆ ਹੈ। ਇਸ ਵਿਸ਼ਾਲ ਗਰਾਊਂਡ ਵਿਚ ਫੁੱਟਬਾਲ, ਵਾਲੀਬਾਲ, ਬਾਸਕਿਟਬਾਲ, ਹਾਕੀ, ਇੱਥੋਂ ਤੱਕ ਕਿ ਕ੍ਰਿਕਟ ਦੀਆਂ ਵਿਸ਼ੇਸ਼ ਪਿੱਚਾਂ ਅਤੇ ਦੌੜਾਂ ਦਾ ਟਰੈਕ ਵੀ ਬਣਾਇਆ ਗਿਆ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਸ 'ਚ ਕਬੱਡੀ ਦਾ ਵੱਖਰਾ ਗਰਾਊਂਡ ਬਣਾਇਆ ਗਿਆ ਹੈ, ਜਿੱਥੇ ਖਿਡਾਰੀ ਆਪਣੀ ਖੇਡ ਦੇ ਜੌਹਰ ਵਿਖਾਉਣਗੇ।ਇਸ ਦੇ ਉਦਘਾਟਨ ਲਈ 20, 21, ਅਤੇ 22 ਮਾਰਚ ਦਾ ਦਿਨ ਤੈਅ ਕੀਤਾ ਗਿਆ ਹੈ। ਇਸ ਉਦਘਾਟਨੀ ਸਮਾਗਮ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸਮੇਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਭਾਈ ਰਘਬੀਰ ਸਿੰਘ, ਕੌਮ ਦੇ ਪ੍ਰਸਿੱਧ ਕਥਾ ਵਾਚਕ ਗਿਆਨੀ ਪਿੰਦਰ ਪਾਲ ਸਿੰਘ ਅਤੇ ਪੰਜਾਬ ਦੇ ਕੁਝ ਪ੍ਰਸਿੱਧ ਪੱਤਰਕਾਰਾਂ ਸਮੇਤ ਹੋਰ ਹਸਤੀਆਂ ਵੀ ਪਹੁੰਚ ਰਹੀਆਂ ਹਨ।

**ਜਾਣੋ ਕੀ ਹੈ ਸੁਪਰੀਮ ਸਿੱਖ ਸੋਸਾਇਟੀ**

ਸੁਪਰੀਮ ਸਿੱਖ ਸੋਸਾਇਟੀ ਨਿਊਜ਼ੀਲੈਂਡ ਦੀ ਵੱਡੀ ਸਿੱਖ ਸੰਸਥਾ ਹੈ, ਜੋ 1982 'ਚ ਆਕਲੈਂਡ ਵਿਖੇ ਸਥਾਪਤ ਹੋਈ। ਸੰਸਥਾ ਵਲੋਂ ਚਾਰ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਸੰਭਾਲਿਆ ਜਾ ਰਿਹਾ ਹੈ। ਜਦਕਿ ਪੂਰੇ ਨਿਊਜ਼ੀਲੈਂਡ 'ਚ 7 ਹੋਰ ਗੁਰਦੁਆਰਿਆਂ ਦੇ ਨਾਲ ਵੀ ਜੁੜੀ ਹੋਈ ਹੈ। ਮੌਜੂਦਾ ਸਮੇਂ ਵਿਚ ਸੰਸਥਾ ਦੇ 550 ਵਿੱਤੀ ਅਤੇ 2000 ਚੁਣੇ ਹੋਏ ਮੈਂਬਰ ਹਨ। ਨਿਊਜ਼ੀਲੈਂਡ 'ਚ ਪਹਿਲੇ ਗੁਰਦੁਆਰਾ ਸਾਹਿਬ ਦਾ ਜ਼ਿਕਰ ਕਰੀਏ ਤਾਂ 1986 'ਚ ਪਹਿਲਾ ਗੁਰਦੁਆਰਾ ਸਾਹਿਬ ਊਟਾਹੂ ਵਿਖੇ ਸਥਾਪਿਤ ਕੀਤਾ ਗਿਆ, ਜਿਸ ਦਾ ਨਾਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਰੱਖਿਆ ਗਿਆ। ਜਿਉਂ-ਜਿਉਂ ਸੰਗਤ ਦੀ ਗਿਣਤੀ ਵੱਧਦੀ ਗਈ ਤਾਂ ਇਹ ਸਥਾਨ ਛੋਟਾ ਪੈਣ ਲੱਗਾ। ਫਿਰ ਸੁਪਰੀਮ ਸਿੱਖ ਸੋਸਾਇਟੀ ਨੇ 2005 'ਚ ਟਾਕਾ ਨਿਨੀ ਵਿਖੇ ਇਕ ਵੱਡੀ ਜਗ੍ਹਾ ਲੈ ਕੇ ਉੱਥੇ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਬਣਵਾਇਆ। ਦੱਸ ਦੇਈਏ ਕਿ ਇਹ ਸੰਸਥਾ ਸਮਾਜ ਸੇਵੀਆਂ ਵਿਚ ਕਾਫੀ ਮਕਬੂਲ ਹੈ ਅਤੇ ਤਕਰੀਬਨ 25 ਮਿਲੀਅਨ ਡਾਲਰ ਦੀ ਜਾਇਦਾਦ ਵੀ ਇਸ ਸੰਸਥਾ ਕੋਲ ਹੈ। ਧਰਮ ਪ੍ਰਚਾਰ ਦੇ ਨਾਲ-ਨਾਲ ਸੰਸਥਾ ਨੇ ਸਮੁੱਚੇ ਪੰਜਾਬੀ ਹੀ ਨਹੀਂ ਸਗੋਂ ਭਾਰਤੀ ਮੂਲ ਦੇ ਹਰ ਵਿਅਕਤੀ ਦੀ ਹਰ ਸਮੇਂ ਬਾਂਹ ਫੜੀ ਹੈ।




# ਵਿਸ਼ਵ ਭਰ ਚ ਖਲਬਲੀ, ਵਾਇਰਸ ਨਾਲ 1.5 ਕਰੋੜ ਲੋਕਾਂ ਦੀ ਹੋਵੇਗੀ ਮੌਤ

ਕੋਰੋਨਾ ਵਾਇਰਸ ਕਾਰਨ ਦੁਨੀਆ ਭਰ 'ਚ ਖਲਬਲੀ ਮਚੀ ਹੋਈ ਹੈ। 'ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ' ਦੀ ਇਕ ਸਟੱਡੀ 'ਚ ਦਾਅਵਾ ਕੀਤਾ ਗਿਆ ਹੈ ਕਿ ਮਹਾਮਾਰੀ ਜੇਕਰ ਚੰਗੀ ਸਥਿਤੀ 'ਚ ਰਹਿੰਦੀ ਹੈ ਤਾਂ ਇਸ ਕਾਰਨ ਡੇਢ ਕਰੋੜ ਲੋਕਾਂ ਦੀ ਮੌਤ ਹੋ ਸਕਦੀ ਹੈ। ਸਟੱਡੀ 'ਚ ਇਹ ਵੀ ਦੱਸਿਆ ਗਿਆ ਹੈ ਕਿ ਕੋਰੋਨਾ ਵਾਇਰਸ ਕਾਰਨ ਦੁਨੀਆ ਦੀ ਇਕੋਨਮੀ 'ਤੇ ਵੀ ਇਸ ਦਾ ਬਹੁਤ ਬੁਰਾ ਪ੍ਰਭਾਵ ਪਾਵੇਗਾ। ਡੇਲੀ ਮੇਲ ਦੀ ਰਿਪੋਰਟ ਮੁਤਾਬਕ 'ਆਸਟ੍ਰੇਲੀਅਨ ਨੈਸ਼ਨਲ ਯੂਨੀਵਰਸਿਟੀ' ਦੀ ਸਟੱਡੀ 'ਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਮਹਾਮਾਰੀ ਜੇਕਰ ਸਭ ਤੋਂ ਬੁਰੀ ਸਥਿਤੀ 'ਚ ਪੁੱਜ ਜਾਂਦੀ ਹੈ ਤਾਂ ਇਸ ਕਾਰਨ 6 ਕਰੋੜ 80 ਲੱਖ ਲੋਕਾਂ ਦੀ ਮੌਤ ਵੀ ਹੋ ਸਕਦੀ ਹੈ। ਇਨ੍ਹਾਂ 'ਚੋਂ ਲੱਖਾਂ ਲੋਕ ਅਮਰੀਕਾ ਤੇ ਬ੍ਰਿਟੇਨ ਦੇ ਵੀ ਹੋ ਸਕਦੇ ਹਨ। ਮਾਹਿਰਾਂ ਨੇ ਚੀਨ 'ਚ ਕੋਰੋਨਾ ਵਾਇਰਸ ਨਾਲ ਪੀੜਤ ਲੋਕਾਂ ਦੀ ਮੌਤ ਦਰ ਦਾ ਅੰਦਾਜ਼ਾ 2 ਫੀਸਦੀ ਲਗਾਇਆ ਹੈ। ਫਿਲਹਾਲ ਗਲੋਬਲ ਪੱਧਰ 'ਤੇ ਇਹ ਦਰ 3.4 ਫੀਸਦੀ ਹੈ। ਸਟੱਡੀ ਮੁਤਾਬਕ ਭਾਰਤ ਅਤੇ ਚੀਨ 'ਚ ਮੌਤਾਂ ਦੀ ਗਿਣਤੀ ਕਈ ਲੱਖ ਹੋ ਸਕਦੀ ਹੈ। ਉੱਥੇ ਹੀ ਅਮਰੀਕਾ 'ਚ 2 ਲੱਖ 30 ਹਜ਼ਾਰ ਲੋਕਾਂ ਦੇ ਸ਼ਿਕਾਰ ਹੋਣ ਦੀ ਸੰਭਾਵਨਾ ਹੈ। ਮਾਹਿਰਾਂ ਨੇ ਇਸ ਗੱਲ ਬਾਰੇ ਵੀ ਜ਼ਿਕਰ ਕੀਤਾ ਕਿ ਅਮਰੀਕਾ 'ਚ ਸਾਧਾਰਣ ਫਲੂ ਕਾਰਨ ਹਰ ਸਾਲ 55 ਹਜ਼ਾਰ ਲੋਕਾਂ ਦੀ ਮੌਤ ਹੋ ਜਾਂਦੀ ਹੈ। ਬ੍ਰਿਟੇਨ 'ਚ ਵੀ 64 ਹਜ਼ਾਰ, ਜਰਮਨੀ 'ਚ 79 ਹਜ਼ਾਰ ਅਤੇ ਫਰਾਂਸ 'ਚ 60 ਹਜ਼ਾਰ ਮੌਤਾਂ ਦਾ ਖਦਸ਼ਾ ਪ੍ਰਗਟ ਕੀਤਾ ਗਿਆ ਹੈ। ਉੱਥੇ ਹੀ ਦੱਖਣੀ ਕੋਰੀਆ ਅਤੇ ਇਟਲੀ ਦੇ ਲੋਕ ਵੀ ਇਸ ਨਾਲ ਵਧੇਰੇ ਪ੍ਰਭਾਵਿਤ ਹੋਣਗੇ। ਜ਼ਿਕਰਯੋਗ ਹੈ ਕਿ ਹੁਣ ਤਕ ਇਕ ਲੱਖ ਲੋਕ ਕੋਰਨਾ ਵਾਇਰਸ ਦੀ ਲਪੇਟ 'ਚ ਆ ਚੁੱਕੇ ਹਨ।

